**ਜਮਾਤ: ਛੇਵੀਂ - ਪੰਜਾਬੀ**

**ਹਫ਼ਤਾਵਾਰ ਅਭਿਆਸ ਸ਼ੀਟ-1**

**ਪ੍ਰਸ਼ਨ (1-5) ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦੇ ਉੱਤਰ ਦਿਓ:**

ਇੱਕ ਦਿਨ ਚੂੜੀਆਂ ਵੇਚਣ ਵਾਲ਼ਾ ਆਇਆ। ਗੀਤਾ ਦੀਆਂ ਤਿੰਨੇ ਧੀਆਂ ਗੀਤਾ ਨੂੰ ਨਾਲ਼ ਲੈ ਕੇ ਉਸ ਦੇ ਕੋਲ਼ ਬੈਠ ਗਈਆਂ। ਕਈ ਨਮੂਨੇ ਪਸੰਦ ਹੋਏ ਤੇ ਫੇਰ ਕਈ ਉਨ੍ਹਾਂ ਤੋਂ ਵੀ ਵੱਧ ਪਸੰਦ। ਜਿਹੜਾ ਇੱਕ ਨੂੰ ਚੰਗਾ ਲੱਗਦਾ ਸੀ, ਉਹ ਦੂਜੀ ਮੰਗਦੀ। ਵੇਚਣ ਵਾਲ਼ੇ ਨੇ ਇੱਕ ਨਮੂਨਾ ਗੀਤਾ ਨੂੰ ਪਸੰਦ ਕਰਵਾ ਲਿਆ ਪਰ ਜਦੋਂ ਹਿਸਾਬ ਕੀਤਾ ਤਾਂ ਤਿੰਨੋਂ ਕੁੜੀਆਂ ਦੀਆਂ ਚੂੜੀਆਂ ਦੇ ਹੀ ਇੱਕ ਰੁਪਿਆ ਪੈਂਹਠ ਪੈਸੇ ਬਣ ਗਏ। ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਨਾ ਪਿਆ। ਬਹੁਤੇ ਬੱਚੇ ਹੋਣ ਕਰਕੇ ਉਨ੍ਹਾਂ ਦੀ ਹਾਲਤ ਮੰਦੀ ਹੋ ਗਈ ਸੀ ਪਰ ਉਨ੍ਹਾਂ ਪੰਜਾਂ ਬੱਚਿਆਂ ਉੱਤੇ ਇਸ ਮਾੜੇ ਹਾਲ ਦਾ ਅਸਲੋਂ ਕੋਈ ਅਸਰ ਨਹੀਂ ਸੀ। ਟਰੰਕ ਵਿੱਚੋਂ ਉਨ੍ਹਾਂ ਨੂੰ ਦੱਸ ਰੁਪਏ ਲੱਭ ਗਏ। "ਚਲੋ, ਬਜ਼ਾਰ ਚੱਲੀਏ।" ਸਭ ਨੇ ਇਕਦਮ ਸਲਾਹ ਬਣਾਈ। "ਵੱਡੀ ਦੁਕਾਨ ਤੋਂ ਮਠਿਆਈਆਂ ਲਈਏ", ਬਜ਼ਾਰ ਅੱਪੜ ਕੇ ਇੱਕ ਨੇ ਸਲਾਹ ਦਿੱਤੀ, "ਚੰਗਾ ਖਿਡਾਉਣੇ ਲਈਏ", ਇੱਕ ਹੋਰ ਨੂੰ ਫੁਰਨਾ ਫੁਰਿਆ। ਮਨਿਆਰੀ ਵਾਲ਼ੇ ਸ਼ੋ-ਕੇਸਾਂ ਵਿੱਚ ਵੰਗਾ ਬਾਹਰ ਹੀ ਰੱਖੀਆਂ ਹੋਈਆਂ ਸਨ। ਵੱਡੀ ਤੋਂ ਛੋਟੀ ਨੂੰ ਖ਼ਿਆਲ ਆਇਆ ਕਿ ਜਿਸ ਦਿਨ ਸਾਰਿਆਂ ਨੇ ਵੰਙਾਂ ਚੜ੍ਹਾਈਆਂ ਸਨ, ਉਸੇ ਦਿਨ ਮੰਮੀ ਨੇ ਨਹੀਂ ਚੜ੍ਹਾਈਆਂ ਸਨ। ਅੱਜ ਇੰਨੇ ਪੈਸੇ ਨੇ। ਉਹਨਾਂ ਲਈ ਵੰਙਾਂ ਲੈਣੀਆਂ ਚਾਹੀਦੀਆਂ ਨੇ। ਉਸ ਦਾ ਖ਼ਿਆਲ ਸਾਰਿਆਂ ਨੂੰ ਪਸੰਦ ਆਇਆ। ਉਹਨਾਂ ਨੇ ਮੰਮੀ ਲਈ ਵੰਙਾਂ ਖ਼ਰੀਦ ਲਈਆਂ। ਬੱਚਿਆਂ ਕੋਲ਼ ਦਸਾਂ ਦਾ ਨੋਟ ਸੀ। ਸਾਮ੍ਹਣੇ ਤੇਲ ਦੀ ਇੱਕ ਬੋਤਲ ਪਈ ਸੀ। ਇਸ ਤਰ੍ਹਾਂ ਦੀ ਖਾਲ਼ੀ ਬੋਤਲ ਮੰਮੀ ਦੇ ਸ਼ਿੰਗਾਰ ਮੇਜ਼ 'ਤੇ ਰਹਿੰਦੀ ਸੀ। "ਇਹ ਇੱਕ ਤੇਲ ਦੀ ਬੋਤਲ ਦੇ ਦੇ", ਵੱਡੀ ਕੁੜੀ ਨੇ ਕਿਹਾ। ਸਾਰਿਆਂ ਸਿਰ ਹਿਲਾ ਕੇ ਉਸ ਦੀ ਸ਼ਲਾਘਾ ਕੀਤੀ। ਦੁਕਾਨਦਾਰ ਨੇ ਤੇਲ ਦੀ ਬੋਤਲ ਇੱਕ ਹੋਰ ਲਿਫ਼ਾਫ਼ੇ ਵਿੱਚ ਪਾ ਦਿੱਤੀ। ਅਹੁ ਪਾਊਡਰ ਵੀ ਦੇ ਦੇ", ਉਸ ਨੇ ਪਾਊਡਰ ਦਾ ਡੱਬਾ ਵੀ ਰੱਖ ਦਿੱਤਾ। ਅਜੇ ਕੁਝ ਪੈਸੇ ਬਾਕੀ ਸਨ। ਬਸ ਹੋਰ ਕੁਝ ਨਹੀਂ। ਇਹ ਸਾਰਾ ਕੁਝ ਬੰਨ੍ਹ ਕੇ ਬਾਕੀ ਪੈਸੇ ਦੇ ਦੇ।

ਪ੍ਰਸ਼ਨ 1. ਗੀਤਾ ਦੇ ਕਿੰਨੇ ਬੱਚੇ ਸਨ?

ੳ. ਇੱਕ | ਅ. ਦੋ | ੲ. ਤਿੰਨ | ਸ. ਪੰਜ

ਪ੍ਰਸ਼ਨ 2. ਇੱਕ ਦਿਨ ਕੌਣ ਆਇਆ ਸੀ?

ੳ. ਮਠਿਆਈ ਵਾਲ਼ਾ | ਅ. ਖਿਡੌਣਿਆਂ ਵਾਲ਼ਾ

ੲ. ਚੂੜੀਆਂ ਵਾਲ਼ਾ | ਸ. ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰਸ਼ਨ 3. ਇੱਕ ਰੁਪਿਆ ਪੈਂਹਠ ਪੈਸੇ ਕਿਸ ਦੇ ਬਣ ਗਏ ਸਨ?

ੳ. ਮਠਿਆਈ ਦੇ | ਅ. ਖਿਡੌਣਿਆਂ ਦੇ

ੲ. ਤਿੰਨੇ ਕੁੜੀਆਂ ਦੀਆਂ ਚੂੜੀਆਂ ਦੇ | ਸ. ਨਮੂਨੇ ਦੇ

ਪ੍ਰਸ਼ਨ 4. ਟਰੰਕ ਵਿੱਚੋਂ ਬੱਚਿਆਂ ਨੂੰ ਕਿੰਨੇ ਪੈਸੇ ਲੱਭੇ?

ੳ. ਦਸ ਰੁਪਏ | ਅ. ਇੱਕ ਰੁਪਇਆ | ੲ. ਪੈਂਹਠ ਪੈਸੇ | ਸ. ਇੱਕ ਰੁਪਇਆ ਪੈਂਹਠ ਪੈਸੇ

5. ਬੱਚਿਆਂ ਨੇ ਮੰਮੀ ਲਈ ਕੀ ਕੁਝ ਖ਼ਰੀਦਿਆ?

ੳ. ਵੰਙਾਂ | ਅ. ਪਾਊਡਰ | ੲ. ਤੇਲ ਦੀ ਸ਼ੀਸ਼ੀ | ਸ. ਉਪਰੋਕਤ ਸਾਰੇ

## ਪ੍ਰਸ਼ਨ (6-10) ਹੇਠਾਂ ਦਿੱਤੀ ਸਾਰਨੀ ਟੇਬਲ ਨੂੰ ਦੇਖ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

| ਲੜੀ ਨੰ | ਅਧਿਆਪਕ ਦਾ ਨਾਂ | 08:20-9:00 | 09:00 -09:40 | 09:40-10:20 | 10:20-11:00 | 11:00-11:40 |
|---|---|---|---|---|---|---|
| 1 | ਅਸ਼ੋਕ ਕੁਮਾਰ | ਪੰਜਾਬੀ-ਨੌਂਵੀਂ | ਅੰਗਰੇਜ਼ੀ-ਦਸਵੀਂ | ਅੱਧੀ ਛੁੱਟੀ | ਹਿੰਦੀ-ਗਿਆਰ੍ਹਵੀਂ | ਉਰਦੂ-ਬਾਰ੍ਹਵੀਂ |
| 2 | ਸੀਮਾ ਰਾਣੀ | ਅੰਗਰੇਜ਼ੀ-ਦਸਵੀਂ | ਹਿੰਦੀ-ਗਿਆਰ੍ਹਵੀਂ | | ਉਰਦੂ-ਬਾਰ੍ਹਵੀਂ | ਪੰਜਾਬੀ-ਨੌਂਵੀਂ |
| 3 | ਲਖਵਿੰਦਰ ਸਿੰਘ | ਹਿੰਦੀ-ਬਾਰ੍ਹਵੀਂ | ਉਰਦੂ-ਬਾਰ੍ਹਵੀਂ | | ਪੰਜਾਬੀ-ਦਸਵੀਂ | ਅੰਗਰੇਜ਼ੀ-ਨੌਂਵੀਂ |
| 4 | ਨਿਖਿਲ ਕੁਮਾਰ | ਪੰਜਾਬੀ-ਨੌਂਵੀਂ | ਪੰਜਾਬੀ-ਨੌਂਵੀਂ | | ਅੰਗਰੇਜ਼ੀ-ਗਿਆਰ੍ਹਵੀਂ | ਹਿੰਦੀ-ਦਸਵੀਂ |

ਪ੍ਰਸ਼ਨ 6. ਉਪਰੋਕਤ ਸਮਾਂ-ਸਾਰਨੀ ਅਨੁਸਾਰ ਕਿਹੜੇ ਅਧਿਆਪਕ ਦਾ ਪਹਿਲਾ ਪੀਰੀਅਡ ਖ਼ਾਲੀ ਹੈ?

ੳ. ਅਸ਼ੋਕ ਕੁਮਾਰ

ਅ. ਸੀਮਾ ਰਾਣੀ

ੲ. ਲਖਵਿੰਦਰ ਸਿੰਘ

ਸ. ਉਪਰੋਕਤ ਕੋਈ ਨਹੀਂ

ਪ੍ਰਸ਼ਨ 7. ਸਮਾਂ-ਸਾਰਨੀ ਅਨੁਸਾਰ 'ਲਖਵਿੰਦਰ ਸਿੰਘ' ਤੀਜੇ ਪੀਰੀਅਡ ਵਿੱਚ ਕੀ ਵਿਸ਼ਾ ਪੜ੍ਹਾਉਂਦੇ ਹਨ?

ੳ. ਹਿੰਦੀ

ਅ. ਉਰਦੂ

ੲ. ਪੰਜਾਬੀ

ਸ. ਅੰਗਰੇਜ਼ੀ

ਪ੍ਰਸ਼ਨ 8. ਅੱਧੀ ਛੁੱਟੀ ਦਾ ਸਮਾਂ ਕੀ ਹੈ?

ੳ. 10:30 ਤੋਂ 11:00

ਅ. 9:40 ਤੋਂ 10:20

ੲ. 11:00 ਤੋਂ 11:45

ਸ. 11:45 ਤੋਂ 12:30

ਪ੍ਰਸ਼ਨ 9. 'ਸੀਮਾ ਰਾਣੀ' ਦੂਜੇ ਪੀਰੀਅਡ ਵਿੱਚ ਕੀ ਵਿਸ਼ਾ ਪੜ੍ਹਾਉਂਦੇ ਹਨ?

ੳ. ਅੰਗਰੇਜ਼ੀ

ਅ. ਹਿੰਦੀ

ੲ. ਉਰਦੂ

ਸ. ਪੰਜਾਬੀ

ਪ੍ਰਸ਼ਨ 10. ਸਮਾਂ-ਸਾਰਨੀ ਵਿੱਚ ਕੁੱਲ ਕਿੰਨੇ ਪੀਰੀਅਡ ਦਰਸਾਏ ਗਏ ਹਨ?


ੳ. 1

ਅ. 2

ੲ. 3

ਸ. 4

**ਪ੍ਰਸ਼ਨ (11-15) ਹੇਠ ਲਿਖੇ ਇਸ਼ਤਿਹਾਰ ਨੂੰ ਪੜ੍ਹ-ਪਰਖ ਕੇ ਪ੍ਰਸ਼ਨਾਂ ਦੇ ਉੱਤਰ ਦਿਓ:**




ਪ੍ਰਸ਼ਨ 11. ਇਸ਼ਤਿਹਾਰ ਅਨੁਸਾਰ ਲੌਕਡਾਊਨ ਕਿਸ ਬਿਮਾਰੀ ਕਾਰਨ ਲਗਾਇਆ ਗਿਆ?

ੳ. ਤਨਾਅ   ਅ. ਚਿੰਤਾ   ੲ. ਕੋਰੋਨਾ ਵਾਇਰਸ   ਸ. ਨਿਰਾਸ਼ਾ

ਪ੍ਰਸ਼ਨ 12. ਇਸ਼ਤਿਹਾਰ ਵਿੱਚ ਕਿਹੜੀਆਂ ਮਾਨਸਿਕ ਬਿਮਾਰੀਆਂ ਦਾ ਜ਼ਿਕਰ ਆਇਆ ਹੈ?

ੳ. ਤਣਾਅ   ਅ. ਭੈਅ   ੲ. ਉਦਰੇਵਾਂ   ਸ. ਉਪਰੋਕਤ ਸਾਰੇ

ਪ੍ਰਸ਼ਨ 13. ਇਸ਼ਤਿਹਾਰ ਵਿੱਚ ਇਕੱਲੇ ਕਿਸ ਨਾਲ਼ ਨਾ ਟਕਰਾਉਣ ਦੀ ਗੱਲ ਕਹੀ ਗਈ ਹੈ?

ੳ. ਡਰ ਦੇ ਦੌਰੇ ਨਾਲ਼   ਅ. ਨਿਰਾਸ਼ਾ ਨਾਲ਼   ੲ. ਚਿੰਤਾ ਨਾਲ਼   ਸ. ਮੁਸ਼ਕਲਾਂ ਨਾਲ਼

ਪ੍ਰਸ਼ਨ 14. ਟੈਲੀ ਕੌਂਸਲਿੰਗ ਸੇਵਾ ਕਿਸ ਦੁਆਰਾ ਸ਼ੁਰੂ ਕੀਤੀ ਗਈ ਹੈ?

ੳ. ਪੰਜਾਬ ਸਰਕਾਰ ਦੁਆਰਾ   ਅ. ਮਾਰਗ ਦਰਸ਼ਨ ਅਤੇ ਕੌਂਸਲਿੰਗ ਮਾਹਰਾਂ ਦੁਆਰਾ

ੲ. ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੁਆਰਾ   ਸ. ਪਰਿਵਾਰ ਦੇ ਮੈਂਬਰਾਂ ਦੁਆਰਾ

ਪ੍ਰਸ਼ਨ 15. ਮਨੋਵਿਗਿਆਨਿਕ ਸਮੱਸਿਆ ਵਾਲ਼ੇ ਵਿਅਕਤੀ ਦੀ ਕੌਂਸਲਿੰਗ ਕਿਨ੍ਹਾਂ ਦੁਆਰਾ ਕੀਤੀ?

ੳ. ਪੰਜਾਬ ਸਰਕਾਰ ਦੁਆਰਾ   ਅ. ਕੌਂਸਲਿੰਗ ਮਾਹਰਾਂ ਦੁਆਰਾ

ੲ. ਪਰਿਵਾਰ ਦੇ ਮੈਂਬਰਾਂ ਦੁਆਰਾ   ਸ. ਉਪਰੋਕਤ ਵਿੱਚੋਂ ਕੋਈ ਨਹੀਂ

## ਜਮਾਤ: ਸੱਤਵੀਂ - ਪੰਜਾਬੀ

## ਹਫ਼ਤਾਵਾਰ ਅਭਿਆਸ ਸ਼ੀਟ-1

**ਪ੍ਰਸ਼ਨ (1-5) ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦੇ ਉੱਤਰ ਦਿਓ:**

ਇੱਕ ਦਿਨ ਚੂੜੀਆਂ ਵੇਚਣ ਵਾਲ਼ਾ ਆਇਆ। ਗੀਤਾ ਦੀਆਂ ਤਿੰਨੇ ਧੀਆਂ ਗੀਤਾ ਨੂੰ ਨਾਲ਼ ਲੈ ਕੇ ਉਸ ਦੇ ਕੋਲ਼ ਬੈਠ ਗਈਆਂ। ਕਈ ਨਮੂਨੇ ਪਸੰਦ ਹੋਏ ਤੇ ਫੇਰ ਕਈ ਉਨ੍ਹਾਂ ਤੋਂ ਵੀ ਵੱਧ ਪਸੰਦ। ਜਿਹੜਾ ਇੱਕ ਨੂੰ ਚੰਗਾ ਲੱਗਦਾ ਸੀ, ਉਹ ਦੂਜੀ ਮੰਗਦੀ। ਵੇਚਣ ਵਾਲ਼ੇ ਨੇ ਇੱਕ ਨਮੂਨਾ ਗੀਤਾ ਨੂੰ ਪਸੰਦ ਕਰਵਾ ਲਿਆ ਪਰ ਜਦੋਂ ਹਿਸਾਬ ਕੀਤਾ ਤਾਂ ਤਿੰਨੋਂ ਕੁੜੀਆਂ ਦੀਆਂ ਚੂੜੀਆਂ ਦੇ ਹੀ ਇੱਕ ਰੁਪਿਆ ਪੈਂਹਠ ਪੈਸੇ ਬਣ ਗਏ। ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਸਲਾ ਨਾ ਪਿਆ। ਬਹੁਤੇ ਬੱਚੇ ਹੋਣ ਕਰਕੇ ਉਨ੍ਹਾਂ ਦੀ ਹਾਲਤ ਮੰਦੀ ਹੋ ਗਈ ਸੀ ਪਰ ਉਨ੍ਹਾਂ ਪੰਜਾਂ ਬੱਚਿਆਂ ਉੱਤੇ ਇਸ ਮਾੜੇ ਹਾਲ ਦਾ ਅਸਲੋਂ ਕੋਈ ਅਸਰ ਨਹੀਂ ਸੀ। ਟਰੰਕ ਵਿੱਚੋਂ ਉਨ੍ਹਾਂ ਨੂੰ ਦੱਸ ਰੁਪਏ ਲੱਭ ਗਏ। “ਚਲੋ, ਬਜ਼ਾਰ ਚੱਲੀਏ।" ਸਭ ਨੇ ਇਕਦਮ ਸਲਾਹ ਬਣਾਈ। “ਵੱਡੀ ਦੁਕਾਨ ਤੋਂ ਮਠਿਆਈਆਂ ਲਈਏ", ਬਜ਼ਾਰ ਅੱਪੜ ਕੇ ਇੱਕ ਨੇ ਸਲਾਹ ਦਿੱਤੀ, “ਚੰਗਾ ਖਿਡਾਉਣੇ ਲਈਏ", ਇੱਕ ਹੋਰ ਨੂੰ ਫੁਰਨਾ ਫੁਰਿਆ। ਮਨਿਆਰੀ ਵਾਲ਼ੇ ਸ਼ੋ-ਕੇਸਾਂ ਵਿੱਚ ਵੰਗਾ ਬਾਹਰ ਹੀ ਰੱਖੀਆਂ ਹੋਈਆਂ ਸਨ। ਵੱਡੀ ਤੋਂ ਛੋਟੀ ਨੂੰ ਖ਼ਿਆਲ ਆਇਆ ਕਿ ਜਿਸ ਦਿਨ ਸਾਰਿਆਂ ਨੇ ਵੰਙਾਂ ਚੜ੍ਹਾਈਆਂ ਸਨ, ਉਸੇ ਦਿਨ ਮੰਮੀ ਨੇ ਨਹੀਂ ਚੜ੍ਹਾਈਆਂ ਸਨ। ਅੱਜ ਇੰਨੇ ਪੈਸੇ ਨੇ। ਉਹਨਾਂ ਲਈ ਵੰਙਾਂ ਲੈਣੀਆਂ ਚਾਹੀਦੀਆਂ ਨੇ। ਉਸ ਦਾ ਖ਼ਿਆਲ ਸਾਰਿਆਂ ਨੂੰ ਪਸੰਦ ਆਇਆ। ਉਹਨਾਂ ਨੇ ਮੰਮੀ ਲਈ ਵੰਙਾਂ ਖ਼ਰੀਦ ਲਈਆਂ। ਬੱਚਿਆਂ ਕੋਲ਼ ਦਸਾਂ ਦਾ ਨੋਟ ਸੀ। ਸਾਮ੍ਹਣੇ ਤੇਲ ਦੀ ਇੱਕ ਬੋਤਲ ਪਈ ਸੀ। ਇਸ ਤਰ੍ਹਾਂ ਦੀ ਖਾਲ਼ੀ ਬੋਤਲ ਮੰਮੀ ਦੇ ਸ਼ਿੰਗਾਰ ਮੇਜ਼ 'ਤੇ ਰਹਿੰਦੀ ਸੀ। "ਇਹ ਇੱਕ ਤੇਲ ਦੀ ਬੋਤਲ ਦੇ ਦੇ", ਵੱਡੀ ਕੁੜੀ ਨੇ ਕਿਹਾ। ਸਾਰਿਆਂ ਸਿਰ ਹਿਲਾ ਕੇ ਉਸ ਦੀ ਸ਼ਲਾਘਾ ਕੀਤੀ। ਦੁਕਾਨਦਾਰ ਨੇ ਤੇਲ ਦੀ ਬੋਤਲ ਇੱਕ ਹੋਰ ਲਿਫ਼ਾਫ਼ੇ ਵਿੱਚ ਪਾ ਦਿੱਤੀ। ਅਹੁ ਪਾਊਡਰ ਵੀ ਦੇ ਦੇ", ਉਸ ਨੇ ਪਾਊਡਰ ਦਾ ਡੱਬਾ ਵੀ ਰੱਖ ਦਿੱਤਾ। ਅਜੇ ਕੁਝ ਪੈਸੇ ਬਾਕੀ ਸਨ। ਬਸ ਹੋਰ ਕੁਝ ਨਹੀਂ। ਇਹ ਸਾਰਾ ਕੁਝ ਬੰਨ੍ਹ ਕੇ ਬਾਕੀ ਪੈਸੇ ਦੇ ਦੇ।

ਪ੍ਰਸ਼ਨ 1. ਗੀਤਾ ਦੇ ਕਿੰਨੇ ਬੱਚੇ ਸਨ?

ੳ. ਇੱਕ　　ਅ. ਦੋ　　ੲ. ਤਿੰਨ　　ਸ. ਪੰਜ

ਪ੍ਰਸ਼ਨ 2. ਇੱਕ ਦਿਨ ਕੌਣ ਆਇਆ ਸੀ?

ੳ. ਮਠਿਆਈ ਵਾਲ਼ਾ　　ਅ. ਖਿਡੌਇਆਂ ਵਾਲ਼ਾ

ੲ. ਚੂੜੀਆਂ ਵਾਲ਼ਾ　　ਸ. ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰਸ਼ਨ 3. ਇੱਕ ਰੁਪਿਆ ਪੈਂਹਠ ਪੈਸੇ ਕਿਸ ਦੇ ਬਣ ਗਏ ਸਨ?

ੳ. ਮਠਿਆਈ ਦੇ　　ਅ. ਖਿਡੌਣਿਆਂ ਦੇ

ੲ. ਤਿੰਨੇ ਕੁੜੀਆਂ ਦੀਆਂ ਚੂੜੀਆਂ ਦੇ　　ਸ. ਨਮੂਨੇ ਦੇ

ਪ੍ਰਸ਼ਨ 4. ਟਰੰਕ ਵਿੱਚੋਂ ਬੱਚਿਆਂ ਨੂੰ ਕਿੰਨੇ ਪੈਸੇ ਲੱਭੇ?

ੳ. ਦਸ ਰੁਪਏ　　ਅ. ਇੱਕ ਰੁਪਇਆ　　ੲ. ਪੈਂਹਠ ਪੈਸੇ　　ਸ. ਇੱਕ ਰੁਪਇਆ ਪੈਂਹਠ ਪੈਸੇ

5. ਬੱਚਿਆਂ ਨੇ ਮੰਮੀ ਲਈ ਕੀ ਕੁਝ ਖ਼ਰੀਦਿਆ?

ੳ. ਵੰਙਾਂ　　ਅ. ਪਾਊਡਰ　　ੲ. ਤੇਲ ਦੀ ਸ਼ੀਸ਼ੀ　　ਸ. ਉਪਰੋਕਤ ਸਾਰੇ

**ਪ੍ਰਸ਼ਨ (6-10) ਹੇਠਾਂ ਦਿੱਤੀ ਸਾਰਨੀ ਟੇਬਲ ਨੂੰ ਦੇਖ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:**

| ਲੜੀ ਨੰ | ਅਧਿਆਪਕ ਦਾ ਨਾਂ | 08:20-9:00 | 09:00 -09:40 | 09:40-10:20 | 10:20-11:00 | 11:00-11:40 |
|---|---|---|---|---|---|---|
| 1 | ਅਸ਼ੋਕ ਕੁਮਾਰ | ਪੰਜਾਬੀ-ਨੌਂਵੀਂ | ਅੰਗਰੇਜ਼ੀ-ਦਸਵੀਂ | ਅੱਧੀ ਛੁੱਟੀ | ਹਿੰਦੀ-ਗਿਆਰ੍ਹਵੀਂ | ਉਰਦੂ-ਬਾਰ੍ਹਵੀਂ |
| 2 | ਸੀਮਾ ਰਾਣੀ | ਅੰਗਰੇਜ਼ੀ-ਦਸਵੀਂ | ਹਿੰਦੀ-ਗਿਆਰ੍ਹਵੀਂ | | ਉਰਦੂ-ਬਾਰ੍ਹਵੀਂ | ਪੰਜਾਬੀ-ਨੌਂਵੀਂ |
| 3 | ਲਖਵਿੰਦਰ ਸਿੰਘ | ਹਿੰਦੀ-ਬਾਰ੍ਹਵੀਂ | ਉਰਦੂ-ਬਾਰ੍ਹਵੀਂ | | ਪੰਜਾਬੀ-ਦਸਵੀਂ | ਅੰਗਰੇਜ਼ੀ-ਨੌਂਵੀਂ |
| 4 | ਨਿਖਿਲ ਕੁਮਾਰ | ਪੰਜਾਬੀ-ਨੌਂਵੀਂ | ਪੰਜਾਬੀ-ਨੌਂਵੀਂ | | ਅੰਗਰੇਜ਼ੀ-ਗਿਆਰ੍ਹਵੀਂ | ਹਿੰਦੀ-ਦਸਵੀਂ |

ਪ੍ਰਸ਼ਨ 6. ਉਪਰੋਕਤ ਸਮਾਂ-ਸਾਰਨੀ ਅਨੁਸਾਰ ਕਿਹੜੇ ਅਧਿਆਪਕ ਦਾ ਪਹਿਲਾ ਪੀਰੀਅਡ ਖ਼ਾਲੀ ਹੈ?

ੳ. ਅਸ਼ੋਕ ਕੁਮਾਰ

ਅ. ਸੀਮਾ ਰਾਣੀ

ੲ. ਲਖਵਿੰਦਰ ਸਿੰਘ

ਸ. ਉਪਰੋਕਤ ਕੋਈ ਨਹੀਂ

ਪ੍ਰਸ਼ਨ 7. ਸਮਾਂ-ਸਾਰਨੀ ਅਨੁਸਾਰ 'ਲਖਵਿੰਦਰ ਸਿੰਘ' ਤੀਜੇ ਪੀਰੀਅਡ ਵਿੱਚ ਕੀ ਵਿਸ਼ਾ ਪੜ੍ਹਾਉਂਦੇ ਹਨ?

ੳ. ਹਿੰਦੀ

ਅ. ਉਰਦੂ

ੲ. ਪੰਜਾਬੀ

ਸ. ਅੰਗਰੇਜ਼ੀ

ਪ੍ਰਸ਼ਨ 8. ਅੱਧੀ ਛੁੱਟੀ ਦਾ ਸਮਾਂ ਕੀ ਹੈ?

ੳ. 10:30 ਤੋਂ 11:00

ਅ. 9:40 ਤੋਂ 10:20

ੲ. 11:00 ਤੋਂ 11:45

ਸ. 11:45 ਤੋਂ 12:30

ਪ੍ਰਸ਼ਨ 9. 'ਸੀਮਾ ਰਾਣੀ' ਦੂਜੇ ਪੀਰੀਅਡ ਵਿੱਚ ਕੀ ਵਿਸ਼ਾ ਪੜ੍ਹਾਉਂਦੇ ਹਨ?

ੳ. ਅੰਗਰੇਜ਼ੀ

ਅ. ਹਿੰਦੀ

ੲ. ਉਰਦੂ

ਸ. ਪੰਜਾਬੀ

ਪ੍ਰਸ਼ਨ 10. ਸਮਾਂ-ਸਾਰਨੀ ਵਿੱਚ ਕੁੱਲ ਕਿੰਨੇ ਪੀਰੀਅਡ ਦਰਸਾਏ ਗਏ ਹਨ?


ੳ. 1

ਅ. 2

ੲ. 3

ਸ. 4

**ਪ੍ਰਸ਼ਨ (11-15) ਹੇਠ ਲਿਖੇ ਇਸ਼ਤਿਹਾਰ ਨੂੰ ਪੜ੍ਹ-ਪਰਖ ਕੇ ਪ੍ਰਸ਼ਨਾਂ ਦੇ ਉੱਤਰ ਦਿਓ:**




ਪ੍ਰਸ਼ਨ 11. ਇਸ਼ਤਿਹਾਰ ਅਨੁਸਾਰ ਲੌਕਡਾਊਨ ਕਿਸ ਬਿਮਾਰੀ ਕਾਰਨ ਲਗਾਇਆ ਗਿਆ?

ੳ. ਤਨਾਅ ਅ. ਚਿੰਤਾ ੲ. ਕੋਰੋਨਾ ਵਾਇਰਸ ਸ. ਨਿਰਾਸ਼ਾ

ਪ੍ਰਸ਼ਨ 12. ਇਸ਼ਤਿਹਾਰ ਵਿੱਚ ਕਿਹੜੀਆਂ ਮਾਨਸਿਕ ਬਿਮਾਰੀਆਂ ਦਾ ਜ਼ਿਕਰ ਆਇਆ ਹੈ?

ੳ. ਤਣਾਅ ਅ. ਭੈਅ ੲ. ਉਦਰੇਵਾਂ ਸ. ਉਪਰੋਕਤ ਸਾਰੇ

ਪ੍ਰਸ਼ਨ 13. ਇਸ਼ਤਿਹਾਰ ਵਿੱਚ ਇਕੱਲੇ ਕਿਸ ਨਾਲ਼ ਨਾ ਟਕਰਾਉਣ ਦੀ ਗੱਲ ਕਹੀ ਗਈ ਹੈ?

ੳ. ਡਰ ਦੇ ਦੌਰੇ ਨਾਲ਼ ਅ. ਨਿਰਾਸ਼ਾ ਨਾਲ਼ ੲ. ਚਿੰਤਾ ਨਾਲ਼ ਸ. ਮੁਸ਼ਕਲਾਂ ਨਾਲ਼

ਪ੍ਰਸ਼ਨ 14. ਟੈਲੀ ਕੌਂਸਲਿੰਗ ਸੇਵਾ ਕਿਸ ਦੁਆਰਾ ਸ਼ੁਰੂ ਕੀਤੀ ਗਈ ਹੈ?

ੳ. ਪੰਜਾਬ ਸਰਕਾਰ ਦੁਆਰਾ ਅ. ਮਾਰਗ ਦਰਸ਼ਨ ਅਤੇ ਕੌਂਸਲਿੰਗ ਮਾਹਰਾਂ ਦੁਆਰਾ

ੲ. ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੁਆਰਾ ਸ. ਪਰਿਵਾਰ ਦੇ ਮੈਂਬਰਾਂ ਦੁਆਰਾ

ਪ੍ਰਸ਼ਨ 15. ਮਨੋਵਿਗਿਆਨਿਕ ਸਮੱਸਿਆ ਵਾਲ਼ੇ ਵਿਅਕਤੀ ਦੀ ਕੌਂਸਲਿੰਗ ਕਿਨ੍ਹਾਂ ਦੁਆਰਾ ਕੀਤੀ?

ੳ. ਪੰਜਾਬ ਸਰਕਾਰ ਦੁਆਰਾ ਅ. ਕੌਂਸਲਿੰਗ ਮਾਹਰਾਂ ਦੁਆਰਾ

ੲ. ਪਰਿਵਾਰ ਦੇ ਮੈਂਬਰਾਂ ਦੁਆਰਾ ਸ. ਉਪਰੋਕਤ ਵਿੱਚੋਂ ਕੋਈ ਨਹੀਂ

## ਜਮਾਤ: ਅੱਠਵੀਂ - ਪੰਜਾਬੀ

## ਹਫ਼ਤਾਵਾਰ ਅਭਿਆਸ ਸ਼ੀਟ-1

**ਪ੍ਰਸ਼ਨ (1-5) ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦੇ ਉੱਤਰ ਦਿਓ:**

ਇੱਕ ਦਿਨ ਚੂੜੀਆਂ ਵੇਚਣ ਵਾਲ਼ਾ ਆਇਆ। ਗੀਤਾ ਦੀਆਂ ਤਿੰਨੇ ਧੀਆਂ ਗੀਤਾ ਨੂੰ ਨਾਲ਼ ਲੈ ਕੇ ਉਸ ਦੇ ਕੋਲ਼ ਬੈਠ ਗਈਆਂ। ਕਈ ਨਮੂਨੇ ਪਸੰਦ ਹੋਏ ਤੇ ਫੇਰ ਕਈ ਉਨ੍ਹਾਂ ਤੋਂ ਵੀ ਵੱਧ ਪਸੰਦ। ਜਿਹੜਾ ਇੱਕ ਨੂੰ ਚੰਗਾ ਲੱਗਦਾ ਸੀ, ਉਹ ਦੂਜੀ ਮੰਗਦੀ। ਵੇਚਣ ਵਾਲ਼ੇ ਨੇ ਇੱਕ ਨਮੂਨਾ ਗੀਤਾ ਨੂੰ ਪਸੰਦ ਕਰਵਾ ਲਿਆ ਪਰ ਜਦੋਂ ਹਿਸਾਬ ਕੀਤਾ ਤਾਂ ਤਿੰਨੋਂ ਕੁੜੀਆਂ ਦੀਆਂ ਚੂੜੀਆਂ ਦੇ ਹੀ ਇੱਕ ਰੁਪਿਆ ਪੈਂਹਠ ਪੈਸੇ ਬਣ ਗਏ। ਗੀਤਾ ਨੂੰ ਆਪ ਚੂੜੀਆਂ ਚੜ੍ਹਾਉਣ ਦਾ ਹੌਂਸਲਾ ਨਾ ਪਿਆ। ਬਹੁਤੇ ਬੱਚੇ ਹੋਣ ਕਰਕੇ ਉਨ੍ਹਾਂ ਦੀ ਹਾਲਤ ਮੰਦੀ ਹੋ ਗਈ ਸੀ ਪਰ ਉਨ੍ਹਾਂ ਪੰਜਾਂ ਬੱਚਿਆਂ ਉੱਤੇ ਇਸ ਮਾੜੇ ਹਾਲ ਦਾ ਅਸਲੋਂ ਕੋਈ ਅਸਰ ਨਹੀਂ ਸੀ। ਟਰੰਕ ਵਿੱਚੋਂ ਉਨ੍ਹਾਂ ਨੂੰ ਦੱਸ ਰੁਪਏ ਲੱਭ ਗਏ। “ਚਲੋ, ਬਜ਼ਾਰ ਚੱਲੀਏ।" ਸਭ ਨੇ ਇਕਦਮ ਸਲਾਹ ਬਣਾਈ। “ਵੱਡੀ ਦੁਕਾਨ ਤੋਂ ਮਠਿਆਈਆਂ ਲਈਏ", ਬਜ਼ਾਰ ਅੱਪੜ ਕੇ ਇੱਕ ਨੇ ਸਲਾਹ ਦਿੱਤੀ, “ਚੰਗਾ ਖਿਡਾਉਣੇ ਲਈਏ", ਇੱਕ ਹੋਰ ਨੂੰ ਫੁਰਨਾ ਫੁਰਿਆ। ਮਨਿਆਰੀ ਵਾਲ਼ੇ ਸ਼ੋ-ਕੇਸਾਂ ਵਿੱਚ ਵੰਗਾ ਬਾਹਰ ਹੀ ਰੱਖੀਆਂ ਹੋਈਆਂ ਸਨ। ਵੱਡੀ ਤੋਂ ਛੋਟੀ ਨੂੰ ਖ਼ਿਆਲ ਆਇਆ ਕਿ ਜਿਸ ਦਿਨ ਸਾਰਿਆਂ ਨੇ ਵੰਙਾਂ ਚੜ੍ਹਾਈਆਂ ਸਨ, ਉਸੇ ਦਿਨ ਮੰਮੀ ਨੇ ਨਹੀਂ ਚੜ੍ਹਾਈਆਂ ਸਨ। ਅੱਜ ਇੰਨੇ ਪੈਸੇ ਨੇ। ਉਹਨਾਂ ਲਈ ਵੰਙਾਂ ਲੈਣੀਆਂ ਚਾਹੀਦੀਆਂ ਨੇ। ਉਸ ਦਾ ਖ਼ਿਆਲ ਸਾਰਿਆਂ ਨੂੰ ਪਸੰਦ ਆਇਆ। ਉਹਨਾਂ ਨੇ ਮੰਮੀ ਲਈ ਵੰਙਾਂ ਖ਼ਰੀਦ ਲਈਆਂ। ਬੱਚਿਆਂ ਕੋਲ਼ ਦਸਾਂ ਦਾ ਨੋਟ ਸੀ। ਸਾਮ੍ਹਣੇ ਤੇਲ ਦੀ ਇੱਕ ਬੋਤਲ ਪਈ ਸੀ। ਇਸ ਤਰ੍ਹਾਂ ਦੀ ਖਾਲ਼ੀ ਬੋਤਲ ਮੰਮੀ ਦੇ ਸ਼ਿੰਗਾਰ ਮੇਜ਼ 'ਤੇ ਰਹਿੰਦੀ ਸੀ। "ਇਹ ਇੱਕ ਤੇਲ ਦੀ ਬੋਤਲ ਦੇ ਦੇ", ਵੱਡੀ ਕੁੜੀ ਨੇ ਕਿਹਾ। ਸਾਰਿਆਂ ਸਿਰ ਹਿਲਾ ਕੇ ਉਸ ਦੀ ਸ਼ਲਾਘਾ ਕੀਤੀ। ਦੁਕਾਨਦਾਰ ਨੇ ਤੇਲ ਦੀ ਬੋਤਲ ਇੱਕ ਹੋਰ ਲਿਫ਼ਾਫ਼ੇ ਵਿੱਚ ਪਾ ਦਿੱਤੀ। ਅਹੁ ਪਾਊਡਰ ਵੀ ਦੇ ਦੇ", ਉਸ ਨੇ ਪਾਊਡਰ ਦਾ ਡੱਬਾ ਵੀ ਰੱਖ ਦਿੱਤਾ। ਅਜੇ ਕੁਝ ਪੈਸੇ ਬਾਕੀ ਸਨ। ਬਸ ਹੋਰ ਕੁਝ ਨਹੀਂ। ਇਹ ਸਾਰਾ ਕੁਝ ਬੰਨ੍ਹ ਕੇ ਬਾਕੀ ਪੈਸੇ ਦੇ ਦੇ।

ਪ੍ਰਸ਼ਨ 1. ਗੀਤਾ ਦੇ ਕਿੰਨੇ ਬੱਚੇ ਸਨ?

ੳ. ਇੱਕ　　ਅ. ਦੋ　　ੲ. ਤਿੰਨ　　ਸ. ਪੰਜ

ਪ੍ਰਸ਼ਨ 2. ਇੱਕ ਦਿਨ ਕੌਣ ਆਇਆ ਸੀ?

ੳ. ਮਠਿਆਈ ਵਾਲ਼ਾ　　ਅ. ਖਿਡੌਇਆਂ ਵਾਲ਼ਾ

ੲ. ਚੂੜੀਆਂ ਵਾਲ਼ਾ　　ਸ. ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰਸ਼ਨ 3. ਇੱਕ ਰੁਪਿਆ ਪੈਂਹਠ ਪੈਸੇ ਕਿਸ ਦੇ ਬਣ ਗਏ ਸਨ?

ੳ. ਮਠਿਆਈ ਦੇ　　ਅ. ਖਿਡੌਇਆਂ ਦੇ

ੲ. ਤਿੰਨੇ ਕੁੜੀਆਂ ਦੀਆਂ ਚੂੜੀਆਂ ਦੇ　　ਸ. ਨਮੂਨੇ ਦੇ

ਪ੍ਰਸ਼ਨ 4. ਟਰੰਕ ਵਿੱਚੋਂ ਬੱਚਿਆਂ ਨੂੰ ਕਿੰਨੇ ਪੈਸੇ ਲੱਭੇ?

ੳ. ਦਸ ਰੁਪਏ　　ਅ. ਇੱਕ ਰੁਪਇਆ　　ੲ. ਪੈਂਹਠ ਪੈਸੇ　　ਸ. ਇੱਕ ਰੁਪਇਆ ਪੈਂਹਠ ਪੈਸੇ

5. ਬੱਚਿਆਂ ਨੇ ਮੰਮੀ ਲਈ ਕੀ ਕੁਝ ਖ਼ਰੀਦਿਆ?

ੳ. ਵੰਙਾਂ　　ਅ. ਪਾਊਡਰ　　ੲ. ਤੇਲ ਦੀ ਸ਼ੀਸ਼ੀ　　ਸ. ਉਪਰੋਕਤ ਸਾਰੇ

## ਪ੍ਰਸ਼ਨ (6-10) ਹੇਠਾਂ ਦਿੱਤੀ ਸਾਰਨੀ ਟੇਬਲ ਨੂੰ ਦੇਖ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ:

| ਲੜੀ ਨੰ | ਅਧਿਆਪਕ ਦਾ ਨਾਂ | 08:20-9:00 | 09:00 -09:40 | 09:40-10:20 | 10:20-11:00 | 11:00-11:40 |
|---|---|---|---|---|---|---|
| 1 | ਅਸ਼ੋਕ ਕੁਮਾਰ | ਪੰਜਾਬੀ-ਨੌਂਵੀਂ | ਅੰਗਰੇਜ਼ੀ-ਦਸਵੀਂ | ਅੱਧੀ ਛੁੱਟੀ | ਹਿੰਦੀ-ਗਿਆਰ੍ਹਵੀਂ | ਉਰਦੂ-ਬਾਰ੍ਹਵੀਂ |
| 2 | ਸੀਮਾ ਰਾਣੀ | ਅੰਗਰੇਜ਼ੀ-ਦਸਵੀਂ | ਹਿੰਦੀ-ਗਿਆਰ੍ਹਵੀਂ | | ਉਰਦੂ-ਬਾਰ੍ਹਵੀਂ | ਪੰਜਾਬੀ-ਨੌਂਵੀਂ |
| 3 | ਲਖਵਿੰਦਰ ਸਿੰਘ | ਹਿੰਦੀ-ਬਾਰ੍ਹਵੀਂ | ਉਰਦੂ-ਬਾਰ੍ਹਵੀਂ | | ਪੰਜਾਬੀ-ਦਸਵੀਂ | ਅੰਗਰੇਜ਼ੀ-ਨੌਂਵੀਂ |
| 4 | ਨਿਖਿਲ ਕੁਮਾਰ | ਪੰਜਾਬੀ-ਨੌਂਵੀਂ | ਪੰਜਾਬੀ-ਨੌਂਵੀਂ | | ਅੰਗਰੇਜ਼ੀ-ਗਿਆਰ੍ਹਵੀਂ | ਹਿੰਦੀ-ਦਸਵੀਂ |

**ਪ੍ਰਸ਼ਨ 6. ਉਪਰੋਕਤ ਸਮਾਂ-ਸਾਰਨੀ ਅਨੁਸਾਰ ਕਿਹੜੇ ਅਧਿਆਪਕ ਦਾ ਪਹਿਲਾ ਪੀਰੀਅਡ ਖ਼ਾਲੀ ਹੈ?**

ੳ. ਅਸ਼ੋਕ ਕੁਮਾਰ

ਅ. ਸੀਮਾ ਰਾਣੀ

ੲ. ਲਖਵਿੰਦਰ ਸਿੰਘ

ਸ. ਉਪਰੋਕਤ ਕੋਈ ਨਹੀਂ

**ਪ੍ਰਸ਼ਨ 7. ਸਮਾਂ-ਸਾਰਨੀ ਅਨੁਸਾਰ 'ਲਖਵਿੰਦਰ ਸਿੰਘ' ਤੀਜੇ ਪੀਰੀਅਡ ਵਿੱਚ ਕੀ ਵਿਸ਼ਾ ਪੜ੍ਹਾਉਂਦੇ ਹਨ?**

ੳ. ਹਿੰਦੀ

ਅ. ਉਰਦੂ

ੲ. ਪੰਜਾਬੀ

ਸ. ਅੰਗਰੇਜ਼ੀ

**ਪ੍ਰਸ਼ਨ 8. ਅੱਧੀ ਛੁੱਟੀ ਦਾ ਸਮਾਂ ਕੀ ਹੈ?**

ੳ. 10:30 ਤੋਂ 11:00

ਅ. 9:40 ਤੋਂ 10:20

ੲ. 11:00 ਤੋਂ 11:45

ਸ. 11:45 ਤੋਂ 12:30

**ਪ੍ਰਸ਼ਨ 9. 'ਸੀਮਾ ਰਾਣੀ' ਦੂਜੇ ਪੀਰੀਅਡ ਵਿੱਚ ਕੀ ਵਿਸ਼ਾ ਪੜ੍ਹਾਉਂਦੇ ਹਨ?**

ੳ. ਅੰਗਰੇਜ਼ੀ

ਅ. ਹਿੰਦੀ

ੲ. ਉਰਦੂ

ਸ. ਪੰਜਾਬੀ

**ਪ੍ਰਸ਼ਨ 10. ਸਮਾਂ-ਸਾਰਨੀ ਵਿੱਚ ਕੁੱਲ ਕਿੰਨੇ ਪੀਰੀਅਡ ਦਰਸਾਏ ਗਏ ਹਨ?**


ੳ. 1

ਅ. 2

ੲ. 3

ਸ. 4

**ਪ੍ਰਸ਼ਨ (11-15) ਹੇਠ ਲਿਖੇ ਇਸ਼ਤਿਹਾਰ ਨੂੰ ਪੜ੍ਹ-ਪਰਖ ਕੇ ਪ੍ਰਸ਼ਨਾਂ ਦੇ ਉੱਤਰ ਦਿਓ:**




ਪ੍ਰਸ਼ਨ 11. ਇਸ਼ਤਿਹਾਰ ਅਨੁਸਾਰ ਲੌਕਡਾਊਨ ਕਿਸ ਬਿਮਾਰੀ ਕਾਰਨ ਲਗਾਇਆ ਗਿਆ?

ੳ. ਤਨਾਅ ਅ. ਚਿੰਤਾ ੲ. ਕੋਰੋਨਾ ਵਾਇਰਸ ਸ. ਨਿਰਾਸ਼ਾ

ਪ੍ਰਸ਼ਨ 12. ਇਸ਼ਤਿਹਾਰ ਵਿੱਚ ਕਿਹੜੀਆਂ ਮਾਨਸਿਕ ਬਿਮਾਰੀਆਂ ਦਾ ਜ਼ਿਕਰ ਆਇਆ ਹੈ?

ੳ. ਤਣਾਅ ਅ. ਭੈਅ ੲ. ਉਦਰੇਵਾਂ ਸ. ਉਪਰੋਕਤ ਸਾਰੇ

ਪ੍ਰਸ਼ਨ 13. ਇਸ਼ਤਿਹਾਰ ਵਿੱਚ ਇਕੱਲੇ ਕਿਸ ਨਾਲ਼ ਨਾ ਟਕਰਾਉਣ ਦੀ ਗੱਲ ਕਹੀ ਗਈ ਹੈ?

ੳ. ਡਰ ਦੇ ਦੌਰੇ ਨਾਲ਼ ਅ. ਨਿਰਾਸ਼ਾ ਨਾਲ਼ ੲ. ਚਿੰਤਾ ਨਾਲ਼ ਸ. ਮੁਸ਼ਕਲਾਂ ਨਾਲ਼

ਪ੍ਰਸ਼ਨ 14. ਟੈਲੀ ਕੌਂਸਲਿੰਗ ਸੇਵਾ ਕਿਸ ਦੁਆਰਾ ਸ਼ੁਰੂ ਕੀਤੀ ਗਈ ਹੈ?

ੳ. ਪੰਜਾਬ ਸਰਕਾਰ ਦੁਆਰਾ ਅ. ਮਾਰਗ ਦਰਸ਼ਨ ਅਤੇ ਕੌਂਸਲਿੰਗ ਮਾਹਰਾਂ ਦੁਆਰਾ

ੲ. ਇਸਤਰੀ ਅਤੇ ਬਾਲ ਵਿਕਾਸ ਵਿਭਾਗ ਦੁਆਰਾ ਸ. ਪਰਿਵਾਰ ਦੇ ਮੈਂਬਰਾਂ ਦੁਆਰਾ

ਪ੍ਰਸ਼ਨ 15. ਮਨੋਵਿਗਿਆਨਿਕ ਸਮੱਸਿਆ ਵਾਲ਼ੇ ਵਿਅਕਤੀ ਦੀ ਕੌਂਸਲਿੰਗ ਕਿਨ੍ਹਾਂ ਦੁਆਰਾ ਕੀਤੀ?

ੳ. ਪੰਜਾਬ ਸਰਕਾਰ ਦੁਆਰਾ ਅ. ਕੌਂਸਲਿੰਗ ਮਾਹਰਾਂ ਦੁਆਰਾ

ੲ. ਪਰਿਵਾਰ ਦੇ ਮੈਂਬਰਾਂ ਦੁਆਰਾ ਸ. ਉਪਰੋਕਤ ਵਿੱਚੋਂ ਕੋਈ ਨਹੀਂ

## ਜਮਾਤ: ਨੌਂਵੀਂ - ਪੰਜਾਬੀ

## ਹਫ਼ਤਾਵਾਰ ਅਭਿਆਸ ਸ਼ੀਟ-1

**ਪ੍ਰਸ਼ਨ: ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ (1-5) ਪ੍ਰਸ਼ਨਾਂ ਦੇ ਉੱਤਰ ਦਿਓ-**

ਭਾਰਤ ਨੂੰ ਬਰਤਾਨਵੀ ਹਕੂਮਤ ਨੇ ਬਸਤੀ ਬਣਾ ਕੇ ਭਾਰਤ ਦੇ ਲੋਕਾਂ ਤੇ ਕੁਦਰਤੀ ਸਾਧਨਾਂ ਦੀ ਅੰਨ੍ਹੀ ਲੁੱਟ ਕੀਤੀ ।ਲੋਕਾਂ ’ਤੇ ਕੀਤੇ ਜਾ ਰਹੇ ਅੱਤਿਆਚਾਰਾਂ ਵਿਰੁੱਧ ਭਾਰਤੀ ਲੋਕਾਂ ਦਾ ਗ਼ੁੱਸਾ ਉੱਠਣਾ ਲਾਜ਼ਮੀ ਸੀ। ਲੋਕਾਂ ਦੇ ਇਸ ਗ਼ੁੱਸੇ ਨੇ ਸ਼ੁਰੂ ਵੇਲੇ ਤਾਂ ਭਾਵੇਂ ਕੁਝ ਆਪ-ਮੁਹਾਰੇ ਰੋਹਾਂ ਦਾ ਰੂਪ ਲਿਆ ਪਰ ਮਗਰੋਂ ਜਲਦੀ ਹੀ ਅਜਿਹੇ ਸਮੂਹਿਕ ਲੋਕ ਉਭਾਰ ਉੱਠਣੇ ਜਿਨ੍ਹਾਂ ਨੇ ਭਾਰਤੀ ਅਜ਼ਾਦੀ ਦੇ ਇਤਿਹਾਸ ’ਤੇ ਆਪਣੀ ਅਮਿੱਟ ਛਾਪ ਛੱਡੀ। ਭਾਰਤ ਦੇ ਹਰ ਵਰਗ ਦੇ ਲੋਕਾਂ, ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਔਰਤਾਂ-ਮਰਦਾਂ ਨੇ ਵਿਦਰੋਹ ਕੀਤਾ ਤੇ ਕੁਰਬਾਨੀਆਂ ਦਿੱਤੀਆਂ। ਲੋਕਾਂ ਨੇ ਆਪਣੀਆਂ ਕੀਮਤੀ ਜਾਨਾਂ ਦੀ ਪਰਵਾਹ ਕੀਤੇ ਬਿਨਾਂ ਅਜ਼ਾਦੀ ਦੇ ਘੋਲ਼ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ, ਜੇਲ੍ਹਾਂ ਵਿੱਚ ਗਏ, ਫਾਂਸੀਆਂ ’ਤੇ ਚੜ੍ਹੇ, ਸਰੀਰਿਕ ਤਸੀਹੇ ਝੱਲੇ, ਕਾਲ਼ੇ ਪਾਣੀਆਂ ਵਿੱਚ ਉਮਰਾਂ ਗਵਾਈਆਂ। ਲੋਕਾਂ ਦੀਆਂ ਇਹਨਾਂ ਕੁਰਬਾਨੀਆਂ ਨਾਲ਼ ਭਾਰਤੀ ਅਜ਼ਾਦੀ ਦਾ ਇਤਿਹਾਸ ਭਰਿਆ ਪਿਆ ਹੈ ਜੋ ਕਿ ਭਾਰਤੀ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾਂ ਸਤਿਕਾਰਤ ਰਹੇਗਾ। ਇਹਨਾਂ ਅਥਾਹ ਕੁਰਬਾਨੀਆਂ ਕਾਰਨ ਹੀ ਭਾਰਤ 1947 ਵਿੱਚ ਬਸਤੀਵਾਦੀ ਗ਼ੁਲਾਮੀ ਤੋਂ ਅਜ਼ਾਦ ਹੋਇਆ। ਭਾਰਤੀ ਅਜ਼ਾਦੀ ਦੀ ਲੜਾਈ ਦੌਰਾਨ ਇਤਿਹਾਸ ਦੇ ਪੰਨੇ ’ਤੇ ਉਕਰੀਆਂ ਇਹ ਲਹਿਰਾਂ, ਜਿਨ੍ਹਾਂ ਵਿੱਚ 1857 ਦੇ ਵਿਦਰੋਹ ਤੋਂ ਲੈ ਕੇ ਕੌਮੀ ਲਹਿਰਾਂ, ਨਾ-ਮਿਲ਼ਵਰਤਨ ਲਹਿਰ, ਭਾਰਤ ਛੱਡੋ ਲਹਿਰ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸ਼ੀਏਸ਼ਨ, ਨੌਜਵਾਨ ਭਾਰਤ ਸਭਾ, ਪਗੜੀ ਸੰਭਾਲ਼ ਲਹਿਰ,ਗਦਰ ਲਹਿਰ ਆਦਿ ਸਭ ਲੋਕਾਂ ਨੇ ਸਰਗਰਮੀ ਨਾਲ਼ ਹਿੱਸਾ ਲਿਆ। ਭਗਤ ਸਿੰਘ, ਉਸ ਦੇ ਸਾਥੀ ਅਤੇ ਭਾਰਤ ਦੀ ਕਮਿਊਨਿਸਟ ਪਾਰਟੀ ਨੇ ਆਪਣੀ ਭੂਮਿਕਾ ਨਿਭਾਈ। ਇਹ ਧਿਰ ਕੁਝ ਰਿਆਇਤਾਂ ਦੇ ਰੂਪ ਵਿੱਚ ਨਹੀਂ ਸਗੋਂ ਭਗਤ ਸਿੰਘ ਦੇ ਸ਼ਬਦਾਂ ਵਿੱਚ ਪੂਰਨ ਅਜ਼ਾਦੀ ਚਾਹੁੰਦੀ ਸੀ, ਜਿਸ ਵਿੱਚ ਦੇਸ ਦੀ ਵਾਗਡੋਰ ਮੁੱਠੀ ਭਰ ਧਨਾਢਾਂ ਦੀ ਥਾਂ ਦੇਸ ਦੇ ਮਜ਼ਦੂਰਾਂ, ਕਿਸਾਨਾਂ ਤੇ ਹੋਰ ਕਿਰਤੀਆਂ ਦੇ ਹੱਥ ਵਿੱਚ ਹੋਵੇ।

ਪ੍ਰਸ਼ਨ 1. ਬਰਤਾਨਵੀ ਹਕੂਮਤ ਨੇ ਭਾਰਤ ਦੀ ਕਿਸ ਤਰ੍ਹਾਂ ਦੀ ਲੁੱਟ ਕੀਤੀ?

ੳ. ਸਰੀਰਿਕ ਤਸੀਹੇ
ਅ. ਜੇਲ੍ਹਾਂ ਵਿੱਚ ਭੇਜਿਆ
ੲ. ਕੁਦਰਤੀ ਸਾਧਨਾਂ ਦੀ
ਸ. ਲੋਕਾਂ ਦੀਆਂ ਕੀਮਤੀ ਜਾਨਾਂ ਲਈਆਂ

ਪ੍ਰਸ਼ਨ 2. ਬਰਤਾਨਵੀ ਹਕੂਮਤ ਦੇ ਅੱਤਿਆਚਾਰਾਂ ਦਾ ਵਿਰੋਧ ਕਿਸ ਨੇ ਕੀਤਾ?

ੳ. ਮਜ਼ਦੂਰਾਂ
ਅ. ਕਿਸਾਨਾਂ
ੲ. ਔਰਤਾਂ-ਮਰਦਾਂ
ਸ. ਉਪਰੋਕਤ ਸਾਰੇ

ਪ੍ਰਸ਼ਨ 3. ਅਥਾਹ ਕੁਰਬਾਨੀਆਂ ਪਿੱਛੋਂ ਭਾਰਤ ਕਿਹੜੀ ਗ਼ੁਲਾਮੀ ਤੋਂ ਅਜ਼ਾਦ ਹੋਇਆ ਸੀ?

ੳ. ਬਸਤੀਵਾਦੀ ਗ਼ੁਲਾਮੀ ਤੋਂ
ਅ. ਗਦਰ ਲਹਿਰ ਤੋਂ
ੲ. ਬੱਬਰ ਅਕਾਲੀ ਲਹਿਰ
ਸ. ਨੌਜਵਾਨ ਭਾਰਤ ਸਭਾ

ਪ੍ਰਸ਼ਨ 4. ਭਗਤ ਸਿੰਘ ’ਤੇ ਉਸ ਦੇ ਸਾਥੀ ਕੁਝ ਰਿਆਇਤਾਂ ਨਾ ਲੈ ਕੇ ਕੀ ਚਾਹੁੰਦੇ ਸੀ?

ੳ. ਪੂਰਨ ਅਜ਼ਾਦੀ
ਅ. ਨੌਜਵਾਨ ਭਾਰਤ ਸਭਾ
ੲ. ਕੌਮੀ ਲਹਿਰਾਂ
ਸ. ਅਜ਼ਾਦੀ ਦੇ ਘੋਲ ਵਿੱਚ ਹਿੱਸਾ

ਪ੍ਰਸ਼ਨ 5. ਭਾਰਤ ਦੀ ਅਜ਼ਾਦੀ ਦਾ ਇਤਿਹਾਸ ਕਿਸ ਨਾਲ਼ ਭਰਿਆ ਪਿਆ ਹੈ?

ੳ. ਕੁਦਰਤੀ ਸਾਧਨਾਂ ਨਾਲ਼
ਅ. ਬਰਤਾਨਵੀ ਸਤਿਕਾਰ ਨਾਲ਼
ੲ. ਲੋਕਾਂ ਦੀਆਂ ਕੁਰਬਾਨੀਆਂ ਨਾਲ਼
ਸ. ਉਪਰੋਕਤ ਵਿੱਚੋਂ ਕੋਈ ਨਹੀਂ

**ਪ੍ਰਸ਼ਨ: ਹੇਠਾਂ ਕੁਝ ਵਸਤੂਆਂ ਦੀ ਸੂਚੀ ਦਿੱਤੀ ਗਈ ਹੈ। ਇਸ ਸੂਚੀ ਦੇ ਆਧਾਰ ਉੱਤੇ (6-10) ਪ੍ਰਸ਼ਨਾਂ ਦੇ ਉੱਤਰ ਦਿਓ:**

| ਲੜੀ ਨੰ. | ਗੈਸ ਦਾ ਨਾਂ | ਇਸ ਦੀ ਵਰਤੋਂ |
|---|---|---|
| 1 | ਬਾਇਓ ਗੈਸ | ਖਾਣਾ ਬਣਾਉਣ ਲਈ, ਬਿਜਲੀ ਬਣਾਉਣ ਲਈ,<br>ਵਾਹਨਾਂ ਵਿੱਚ ਕੁਦਰਤੀ ਗੈਸ ਦੇ ਬਦਲ ਵਜੋਂ,<br>ਪਾਣੀ ਗਰਮ ਕਰਨ ਲਈ। |
| 2 | ਆਕਸੀਜਨ | ਸਾਹ ਲਈ, ਜਲਣ ਪ੍ਰਕਿਰਿਆ |
| 3 | ਨਾਈਟ੍ਰੋਜਨ | ਤੇਜ਼ਾਬ, ਨਾਈਲੋਨ, ਡਾਈ, ਧਮਾਕਾ ਸਮੱਗਰੀ, ਕਾਰਖ਼ਾਨਿਆਂ ਵਿੱਚ ਵਰਤੋਂ |
| 4 | ਮੀਥੇਨ | ਓਵਨ, ਪਾਣੀ ਵਾਲਾ਼ ਹੀਟਰ, ਕੁਦਰਤੀ ਗੈਸ ਦੇ ਘਟਕ ਵਜੋਂ,<br>ਬਿਜਲੀ ਬਣਾਉਣ ਲਈ |
| 5 | ਕਾਰਬਨਡਾਇਆਕਸਾਈਡ | ਅੱਗ ਬੁਝਾਊ ਯੰਤਰ, ਪ੍ਰਕਾਸ਼ ਸੰਸਲੇਸ਼ਣ,ਕਾਰਖ਼ਾਨਿਆਂ ਵਿੱਚ ਵਰਤੋਂ |
| 6 | ਹਾਈਡ੍ਰੋਜਨ | ਬਿਜਲੀ ਬਣਾਉਣ ਲਈ, ਬਨਸਪਤੀ ਤੇਲ ਲਈ, ਤਾਪ ਊਰਜਾ,<br>ਕਾਰਖ਼ਾਨਿਆਂ ਵਿੱਚ ਵਰਤੋਂ |
| 7 | ਕੁਦਰਤੀ ਗੈਸ | ਬਿਜਲੀ ਉਤਪਾਦਨ, ਵਹੀਕਲਾਂ ਵਿੱਚ |

ਪ੍ਰਸ਼ਨ 6. ਕਿਹੜੀਆਂ ਗੈਸਾਂ ਕਾਰਖ਼ਾਨਿਆਂ ਵਿੱਚ ਵਰਤੀਆਂ ਜਾਂਦੀਆਂ ਹਨ?

(ੳ) ਹਾਈਡ੍ਰੋਜਨ, ਕਾਰਬਨਡਾਇਆਕਸਾਈਡ

(ਅ) ਹਾਈਡ੍ਰੋਜਨ, ਬਾਈਓ ਗੈਸ ਅਤੇ ਨਾਈਟ੍ਰੋਜਨ

(ੲ) ਕਾਰਬਨਡਾਇਆਕਸਾਈਡ, ਮੀਥੇਨ ਅਤੇ ਹਾਈਡ੍ਰੋਜਨ

(ਸ) ਕਾਰਬਨਡਾਇਆਕਸਾਈਡ, ਹਾਈਡ੍ਰੋਜਨ ਅਤੇ ਨਾਈਟ੍ਰੋਜਨ

ਪ੍ਰਸ਼ਨ 7. ਬਿਜਲੀ ਪੈਦਾ ਕਰਨ ਲਈ ਕਿੰਨੀਆਂ ਗੈਸਾਂ ਦੀ ਵਰਤੋਂ ਹੁੰਦੀ ਹੈ?

(ੳ) 2 (ਅ) 3 (ੲ) 4 (ਸ) 5

ਪ੍ਰਸ਼ਨ 8. ਕੁਦਰਤੀ ਗੈਸ ਦੇ ਘਟਕ ਕਿਹੜੇ ਹਨ?

(ੳ) ਬਾਇਓ ਅਤੇ ਮਿਥੇਨ ਗੈਸ

(ਅ) ਬਾਇਓ ਗੈਸ

(ੲ) ਮਿਥੇਨ ਗੈਸ

(ਸ) ਨਾਈਟ੍ਰੋਜਨ ਅਤੇ ਬਾਇਓ ਗੈਸ

ਪ੍ਰਸ਼ਨ 9. ਬੰਬ ਬਣਾਉਣ ਲਈ ਕਿਹੜੀ ਗੈਸ ਦੀ ਵਰਤੋਂ ਹੋਵੇਗੀ?

(ੳ) ਨਾਈਟ੍ਰੋਜਨ

(ਅ) ਹਾਈਡ੍ਰੋਜਨ

(ੲ) ਆਕਸੀਜਨ

(ਸ) ਮੀਥੇਨ

ਪ੍ਰਸ਼ਨ 10. ਘਰਾਂ ਵਿੱਚ ਬਾਲਣ ਵਜੋਂ ਕਿਹੜੀ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ?

(ੳ) ਕਾਰਬਨਡਾਇਆਕਸਈਡ

(ਅ) ਬਾਇਓ ਗੈਸ

(ੲ) ਮੀਥੇਨ ਗੈਸ

(ਸ) ਨਾਈਟ੍ਰੋਜਨ ਗੈਸ

**ਪ੍ਰਸ਼ਨ: ਇਹ ਇਸ਼ਤਿਹਾਰ ਕੋਵਿਡ 19 ਦੇ ਸਮੇਂ ਦੀ ਯਾਦ ਦਿਵਾਉਂਦਾ ਹੈ। ਇਸ ਨੂੰ ਸਮਝਣ ਉਪਰੰਤ (11-15) ਪ੍ਰਸ਼ਨਾਂ ਦੇ ਉੱਤਰ ਦਿਓ।**




ਪ੍ਰਸ਼ਨ 11. ਇਹ ਇਸ਼ਤਿਹਾਰ ਕਿਸ ਸੂਚਨਾ ਨਾਲ਼ ਸੰਬੰਧਿਤ ਹੈ?

ੳ. ਕੋਵਿਡ 19 ਬਾਰੇ
ਅ. ਤਾਪਮਾਨ ਮਾਪਦੰਡ ਬਾਰੇ
ੲ. ਉਪਕਰਨਾਂ ਦੀ ਵਰਤੋਂ ਬਾਰੇ
ਸ. ਵੋਟਿੰਗ ਦਿਨ ਦੀਆਂ ਹਦਾਇਤਾਂ ਬਾਰੇ

ਪ੍ਰਸ਼ਨ 12. ਵੋਟਿੰਗ ਵਾਲ਼ੇ ਦਿਨ ਵਿਅਕਤੀ ਦੇ ਸਰੀਰ ਦਾ ਤਾਪਮਾਨ ਮਾਪਦੰਡ ਤੋਂ ਵੱਧ ਹੋਣ 'ਤੇ ਕੀ ਕਰਨਾ ਚਾਹੀਦਾ ਹੈ?

ੳ. ਪਹਿਚਾਣ ਪੱਤਰ ਦੀ ਵਰਤੋਂ
ਅ. 6 ਫੁੱਟ ਦੀ ਦੂਰੀ
ੲ. ਦਸਤਾਨੇ ਦੀ ਵਰਤੋਂ
ਸ. ਆਖ਼ਰੀ ਦੋ ਘੰਟੇ ਵਿੱਚ ਕੋਵਿਡ ਦੀ ਪਾਲਣਾ ਅਨੁਸਾਰ ਵੋਟ ਕਰਨੀ

ਪ੍ਰਸ਼ਨ 13. ਵੋਟਿੰਗ ਵਾਲ਼ੇ ਦਿਨ ਪਬਲਿਕ ਛੁੱਟੀ ਕਿਉਂ ਐਲਾਨੀ ਜਾਂਦੀ ਹੈ?

ੳ. ਤਾਂ ਜੋ ਕੋਈ ਵੋਟ ਪਾਉਣ ਤੋਂ ਰਹਿ ਨਾ ਜਾਵੇ
ਅ. ਕੋਵਿਡ-19 ਹਦਾਇਤਾਂ ਦੀ ਪਾਲਣਾ ਕਰਨ ਲਈ
ੲ. ਸਰੀਰਿਕ ਤਾਪਮਾਨ ਠੀਕ ਰੱਖਣ ਲਈ
ਸ. ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰਸ਼ਨ 14.ਪੋਲਿੰਗ ਸਟੇਸ਼ਨ ਲੱਭਣ ਲਈ ਵਿਅਕਤੀ ਨੂੰ ਕੀ ਕਰਨਾ ਚਾਹੀਦਾ ਹੈ?

ੳ. ਬੈਂਕ ਕਾਪੀ ਦੀ ਵਰਤੋਂ
ਅ. ਪਹਿਚਾਣ ਪੱਤਰ ਦੀ ਵਰਤੋਂ
ੲ. ਮਤਦਾਤਾ ਦੇ ਟੋਕਨ ਦੀ ਵਰਤੋਂ
ਸ. ਵੋਟਰ ਹੈਲਪ ਲਾਈਨ ਐਪ ਦੀ ਵਰਤੋਂ

ਪ੍ਰਸ਼ਨ 15. ਵੋਟਰ ਹੈਲਪ ਲਾਈਨ ਵੋਟਰ ਦੀ ਮਦਦ ਕਿਵੇਂ ਕਰਦੀ ਹੈ?

ੳ. ਪੋਲਿੰਗ ਸਟੇਸ਼ਨ ਲੱਭਣ ਲਈ
ਅ. ਵੋਟਰ ਸਲਿੱਪ ਲੈਣ ਲਈ
ੲ. 'ੳ' ਅਤੇ 'ਅ' ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ

## ਜਮਾਤ: ਦਸਵੀਂ - ਪੰਜਾਬੀ

## ਹਫ਼ਤਾਵਾਰ ਅਭਿਆਸ ਸ਼ੀਟ-1

### ਪ੍ਰਸ਼ਨ: ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਹੇਠ ਲਿਖੇ (1-5) ਪ੍ਰਸ਼ਨਾਂ ਦੇ ਉੱਤਰ ਦਿਓ-

ਭਾਰਤ ਨੂੰ ਬਰਤਾਨਵੀ ਹਕੂਮਤ ਨੇ ਬਸਤੀ ਬਣਾ ਕੇ ਭਾਰਤ ਦੇ ਲੋਕਾਂ ਤੇ ਕੁਦਰਤੀ ਸਾਧਨਾਂ ਦੀ ਅੰਨ੍ਹੀ ਲੁੱਟ ਕੀਤੀ ।ਲੋਕਾਂ 'ਤੇ ਕੀਤੇ ਜਾ ਰਹੇ ਅੱਤਿਆਚਾਰਾਂ ਵਿਰੁੱਧ ਭਾਰਤੀ ਲੋਕਾਂ ਦਾ ਗ਼ੁੱਸਾ ਉੱਠਣਾ ਲਾਜ਼ਮੀ ਸੀ। ਲੋਕਾਂ ਦੇ ਇਸ ਗ਼ੁੱਸੇ ਨੇ ਸ਼ੁਰੂ ਵੇਲ਼ੇ ਤਾਂ ਭਾਵੇਂ ਕੁਝ ਆਪ-ਮੁਹਾਰੇ ਰੋਹਾਂ ਦਾ ਰੂਪ ਲਿਆ ਪਰ ਮਗਰੋਂ ਜਲਦੀ ਹੀ ਅਜਿਹੇ ਸਮੂਹਿਕ ਲੋਕ ਉਭਾਰ ਉੱਠਣੇ ਜਿਨ੍ਹਾਂ ਨੇ ਭਾਰਤੀ ਅਜ਼ਾਦੀ ਦੇ ਇਤਿਹਾਸ 'ਤੇ ਆਪਣੀ ਅਮਿੱਟ ਛਾਪ ਛੱਡੀ। ਭਾਰਤ ਦੇ ਹਰ ਵਰਗ ਦੇ ਲੋਕਾਂ, ਮਜ਼ਦੂਰਾਂ, ਕਿਸਾਨਾਂ, ਨੌਜਵਾਨਾਂ, ਔਰਤਾਂ-ਮਰਦਾਂ ਨੇ ਵਿਦਰੋਹ ਕੀਤਾ ਤੇ ਕੁਰਬਾਨੀਆਂ ਦਿੱਤੀਆਂ। ਲੋਕਾਂ ਨੇ ਆਪਣੀਆਂ ਕੀਮਤੀ ਜਾਨਾਂ ਦੀ ਪਰਵਾਹ ਕੀਤੇ ਬਿਨਾਂ ਅਜ਼ਾਦੀ ਦੇ ਘੋਲ਼ ਵਿੱਚ ਵਧ-ਚੜ੍ਹ ਕੇ ਹਿੱਸਾ ਲਿਆ, ਜੇਲ੍ਹਾਂ ਵਿੱਚ ਗਏ, ਫਾਂਸੀਆਂ 'ਤੇ ਚੜ੍ਹੇ, ਸਰੀਰਿਕ ਤਸੀਹੇ ਝੱਲੇ, ਕਾਲ਼ੇ ਪਾਣੀਆਂ ਵਿੱਚ ਉਮਰਾਂ ਗਵਾਈਆਂ। ਲੋਕਾਂ ਦੀਆਂ ਇਹਨਾਂ ਕੁਰਬਾਨੀਆਂ ਨਾਲ਼ ਭਾਰਤੀ ਅਜ਼ਾਦੀ ਦਾ ਇਤਿਹਾਸ ਭਰਿਆ ਪਿਆ ਹੈ ਜੋ ਕਿ ਭਾਰਤੀ ਲੋਕਾਂ ਦੇ ਦਿਲਾਂ ਵਿੱਚ ਹਮੇਸ਼ਾਂ ਸਤਿਕਾਰਤ ਰਹੇਗਾ। ਇਹਨਾਂ ਅਥਾਹ ਕੁਰਬਾਨੀਆਂ ਕਾਰਨ ਹੀ ਭਾਰਤ 1947 ਵਿੱਚ ਬਸਤੀਵਾਦੀ ਗ਼ੁਲਾਮੀ ਤੋਂ ਅਜ਼ਾਦ ਹੋਇਆ। ਭਾਰਤੀ ਅਜ਼ਾਦੀ ਦੀ ਲੜਾਈ ਦੌਰਾਨ ਇਤਿਹਾਸ ਦੇ ਪੰਨੇ 'ਤੇ ਉਕਰੀਆਂ ਇਹ ਲਹਿਰਾਂ, ਜਿਨ੍ਹਾਂ ਵਿੱਚ 1857 ਦੇ ਵਿਦਰੋਹ ਤੋਂ ਲੈ ਕੇ ਕੌਮੀ ਲਹਿਰਾਂ, ਨਾ-ਮਿਲ਼ਵਰਤਨ ਲਹਿਰ, ਭਾਰਤ ਛੱਡੋ ਲਹਿਰ, ਕੂਕਾ ਲਹਿਰ, ਬੱਬਰ ਅਕਾਲੀ ਲਹਿਰ, ਹਿੰਦੋਸਤਾਨ ਸੋਸ਼ਲਿਸਟ ਰਿਪਬਲਿਕ ਐਸੋਸ਼ੀਏਸ਼ਨ, ਨੌਜਵਾਨ ਭਾਰਤ ਸਭਾ, ਪਗੜੀ ਸੰਭਾਲ਼ ਲਹਿਰ,ਗਦਰ ਲਹਿਰ ਆਦਿ ਸਭ ਲੋਕਾਂ ਨੇ ਸਰਗਰਮੀ ਨਾਲ਼ ਹਿੱਸਾ ਲਿਆ। ਭਗਤ ਸਿੰਘ, ਉਸ ਦੇ ਸਾਥੀ ਅਤੇ ਭਾਰਤ ਦੀ ਕਮਿਊਨਿਸਟ ਪਾਰਟੀ ਨੇ ਆਪਣੀ ਭੂਮਿਕਾ ਨਿਭਾਈ। ਇਹ ਧਿਰ ਕੁਝ ਰਿਆਇਤਾਂ ਦੇ ਰੂਪ ਵਿੱਚ ਨਹੀਂ ਸਗੋਂ ਭਗਤ ਸਿੰਘ ਦੇ ਸ਼ਬਦਾਂ ਵਿੱਚ ਪੂਰਨ ਅਜ਼ਾਦੀ ਚਾਹੁੰਦੀ ਸੀ, ਜਿਸ ਵਿੱਚ ਦੇਸ ਦੀ ਵਾਗਡੋਰ ਮੁੱਠੀ ਭਰ ਧਨਾਢਾਂ ਦੀ ਥਾਂ ਦੇਸ ਦੇ ਮਜ਼ਦੂਰਾਂ, ਕਿਸਾਨਾਂ ਤੇ ਹੋਰ ਕਿਰਤੀਆਂ ਦੇ ਹੱਥ ਵਿੱਚ ਹੋਵੇ।

ਪ੍ਰਸ਼ਨ 1. ਬਰਤਾਨਵੀ ਹਕੂਮਤ ਨੇ ਭਾਰਤ ਦੀ ਕਿਸ ਤਰ੍ਹਾਂ ਦੀ ਲੁੱਟ ਕੀਤੀ?

ੳ. ਸਰੀਰਿਕ ਤਸੀਹੇ　　ਅ. ਜੇਲ੍ਹਾਂ ਵਿੱਚ ਭੇਜਿਆ

ੲ. ਕੁਦਰਤੀ ਸਾਧਨਾਂ ਦੀ　　ਸ. ਲੋਕਾਂ ਦੀਆਂ ਕੀਮਤੀ ਜਾਨਾਂ ਲਈਆਂ

ਪ੍ਰਸ਼ਨ 2. ਬਰਤਾਨਵੀ ਹਕੂਮਤ ਦੇ ਅੱਤਿਆਚਾਰਾਂ ਦਾ ਵਿਰੋਧ ਕਿਸ ਨੇ ਕੀਤਾ?

ੳ. ਮਜ਼ਦੂਰਾਂ　　ਅ. ਕਿਸਾਨਾਂ

ੲ. ਔਰਤਾਂ-ਮਰਦਾਂ　　ਸ. ਉਪਰੋਕਤ ਸਾਰੇ

ਪ੍ਰਸ਼ਨ 3. ਅਥਾਹ ਕੁਰਬਾਨੀਆਂ ਪਿੱਛੋਂ ਭਾਰਤ ਕਿਹੜੀ ਗ਼ੁਲਾਮੀ ਤੋਂ ਅਜ਼ਾਦ ਹੋਇਆ ਸੀ?

ੳ. ਬਸਤੀਵਾਦੀ ਗ਼ੁਲਾਮੀ ਤੋਂ　　ਅ. ਗਦਰ ਲਹਿਰ ਤੋਂ

ੲ. ਬੱਬਰ ਅਕਾਲੀ ਲਹਿਰ　　ਸ. ਨੌਜਵਾਨ ਭਾਰਤ ਸਭਾ

ਪ੍ਰਸ਼ਨ 4. ਭਗਤ ਸਿੰਘ 'ਤੇ ਉਸ ਦੇ ਸਾਥੀ ਕੁਝ ਰਿਆਇਤਾਂ ਨਾ ਲੈ ਕੇ ਕੀ ਚਾਹੁੰਦੇ ਸੀ?

ੳ. ਪੂਰਨ ਅਜ਼ਾਦੀ　　ਅ. ਨੌਜਵਾਨ ਭਾਰਤ ਸਭਾ

ੲ. ਕੌਮੀ ਲਹਿਰਾਂ　　ਸ. ਅਜ਼ਾਦੀ ਦੇ ਘੋਲ ਵਿੱਚ ਹਿੱਸਾ

ਪ੍ਰਸ਼ਨ 5. ਭਾਰਤ ਦੀ ਅਜ਼ਾਦੀ ਦਾ ਇਤਿਹਾਸ ਕਿਸ ਨਾਲ਼ ਭਰਿਆ ਪਿਆ ਹੈ?

ੳ. ਕੁਦਰਤੀ ਸਾਧਨਾਂ ਨਾਲ਼　　ਅ. ਬਰਤਾਨਵੀ ਸਤਿਕਾਰ ਨਾਲ਼

ੲ. ਲੋਕਾਂ ਦੀਆਂ ਕੁਰਬਾਨੀਆਂ ਨਾਲ਼　　ਸ. ਉਪਰੋਕਤ ਵਿੱਚੋਂ ਕੋਈ ਨਹੀਂ

**ਪ੍ਰਸ਼ਨ: ਹੇਠਾਂ ਕੁਝ ਵਸਤੂਆਂ ਦੀ ਸੂਚੀ ਦਿੱਤੀ ਗਈ ਹੈ। ਇਸ ਸੂਚੀ ਦੇ ਆਧਾਰ ਉੱਤੇ (6-10) ਪ੍ਰਸ਼ਨਾਂ ਦੇ ਉੱਤਰ ਦਿਓ:**

| ਲੜੀ ਨੰ. | ਗੈਸ ਦਾ ਨਾਂ | ਇਸ ਦੀ ਵਰਤੋਂ |
|---|---|---|
| 1 | ਬਾਇਓ ਗੈਸ | ਖਾਣਾ ਬਣਾਉਣ ਲਈ, ਬਿਜਲੀ ਬਣਾਉਣ ਲਈ,<br>ਵਾਹਨਾਂ ਵਿੱਚ ਕੁਦਰਤੀ ਗੈਸ ਦੇ ਬਦਲ ਵਜੋਂ,<br>ਪਾਣੀ ਗਰਮ ਕਰਨ ਲਈ। |
| 2 | ਆਕਸੀਜਨ | ਸਾਹ ਲਈ, ਜਲਣ ਪ੍ਰਕਿਰਿਆ |
| 3 | ਨਾਈਟ੍ਰੋਜਨ | ਤੇਜ਼ਾਬ, ਨਾਈਲੋਨ, ਡਾਈ, ਧਮਾਕਾ ਸਮੱਗਰੀ, ਕਾਰਖ਼ਾਨਿਆਂ ਵਿੱਚ ਵਰਤੋਂ |
| 4 | ਮੀਥੇਨ | ਓਵਨ, ਪਾਣੀ ਵਾਲ਼ਾ ਹੀਟਰ, ਕੁਦਰਤੀ ਗੈਸ ਦੇ ਘਟਕ ਵਜੋਂ,<br>ਬਿਜਲੀ ਬਣਾਉਣ ਲਈ |
| 5 | ਕਾਰਬਨਡਾਇਆਕਸਾਈਡ | ਅੱਗ ਬੁਝਾਊ ਯੰਤਰ, ਪ੍ਰਕਾਸ਼ ਸੰਸਲੇਸ਼ਣ,ਕਾਰਖ਼ਾਨਿਆਂ ਵਿੱਚ ਵਰਤੋਂ |
| 6 | ਹਾਈਡ੍ਰੋਜਨ | ਬਿਜਲੀ ਬਣਾਉਣ ਲਈ, ਬਨਸਪਤੀ ਤੇਲ ਲਈ, ਤਾਪ ਊਰਜਾ,<br>ਕਾਰਖ਼ਾਨਿਆਂ ਵਿੱਚ ਵਰਤੋਂ |
| 7 | ਕੁਦਰਤੀ ਗੈਸ | ਬਿਜਲੀ ਉਤਪਾਦਨ, ਵਹੀਕਲਾਂ ਵਿੱਚ |

ਪ੍ਰਸ਼ਨ 6. ਕਿਹੜੀਆਂ ਗੈਸਾਂ ਕਾਰਖ਼ਾਨਿਆਂ ਵਿੱਚ ਵਰਤੀਆਂ ਜਾਂਦੀਆਂ ਹਨ?
(ੳ) ਹਾਈਡ੍ਰੋਜਨ, ਕਾਰਬਨਡਾਇਆਕਸਾਈਡ
(ਅ) ਹਾਈਡ੍ਰੋਜਨ, ਬਾਈਓ ਗੈਸ ਅਤੇ ਨਾਈਟ੍ਰੋਜਨ
(ੲ) ਕਾਰਬਨਡਾਇਆਕਸਾਈਡ, ਮੀਥੇਨ ਅਤੇ ਹਾਈਡ੍ਰੋਜਨ
(ਸ) ਕਾਰਬਨਡਾਇਆਕਸਾਈਡ, ਹਾਈਡ੍ਰੋਜਨ ਅਤੇ ਨਾਈਟ੍ਰੋਜਨ

ਪ੍ਰਸ਼ਨ 7. ਬਿਜਲੀ ਪੈਦਾ ਕਰਨ ਲਈ ਕਿੰਨੀਆਂ ਗੈਸਾਂ ਦੀ ਵਰਤੋਂ ਹੁੰਦੀ ਹੈ?
(ੳ) 2 (ਅ) 3 (ੲ) 4 (ਸ) 5

ਪ੍ਰਸ਼ਨ 8. ਕੁਦਰਤੀ ਗੈਸ ਦੇ ਘਟਕ ਕਿਹੜੇ ਹਨ?
(ੳ) ਬਾਇਓ ਅਤੇ ਮਿਥੇਨ ਗੈਸ
(ਅ) ਬਾਇਓ ਗੈਸ
(ੲ) ਮਿਥੇਨ ਗੈਸ
(ਸ) ਨਾਈਟ੍ਰੋਜਨ ਅਤੇ ਬਾਇਓ ਗੈਸ

ਪ੍ਰਸ਼ਨ 9. ਬੰਬ ਬਣਾਉਣ ਲਈ ਕਿਹੜੀ ਗੈਸ ਦੀ ਵਰਤੋਂ ਹੋਵੇਗੀ?
(ੳ) ਨਾਈਟ੍ਰੋਜਨ
(ਅ) ਹਾਈਡ੍ਰੋਜਨ
(ੲ) ਆਕਸੀਜਨ
(ਸ) ਮੀਥੇਨ

ਪ੍ਰਸ਼ਨ 10. ਘਰਾਂ ਵਿੱਚ ਬਾਲਣ ਵਜੋਂ ਕਿਹੜੀ ਗੈਸ ਦੀ ਵਰਤੋਂ ਕੀਤੀ ਜਾਂਦੀ ਹੈ?
(ੳ) ਕਾਰਬਨਡਾਇਆਕਸਈਡ
(ਅ) ਬਾਇਓ ਗੈਸ
(ੲ) ਮੀਥੇਨ ਗੈਸ
(ਸ) ਨਾਈਟ੍ਰੋਜਨ ਗੈਸ

**ਪ੍ਰਸ਼ਨ: ਇਹ ਇਸ਼ਤਿਹਾਰ ਕੋਵਿਡ 19 ਦੇ ਸਮੇਂ ਦੀ ਯਾਦ ਦਿਵਾਉਂਦਾ ਹੈ। ਇਸ ਨੂੰ ਸਮਝਣ ਉਪਰੰਤ (11-15) ਪ੍ਰਸ਼ਨਾਂ ਦੇ ਉੱਤਰ ਦਿਓ।**




ਪ੍ਰਸ਼ਨ 11. ਇਹ ਇਸ਼ਤਿਹਾਰ ਕਿਸ ਸੂਚਨਾ ਨਾਲ਼ ਸੰਬੰਧਿਤ ਹੈ?

ੳ. ਕੋਵਿਡ 19 ਬਾਰੇ
ਅ. ਤਾਪਮਾਨ ਮਾਪਦੰਡ ਬਾਰੇ
ੲ. ਉਪਕਰਨਾਂ ਦੀ ਵਰਤੋਂ ਬਾਰੇ
ਸ. ਵੋਟਿੰਗ ਦਿਨ ਦੀਆਂ ਹਦਾਇਤਾਂ ਬਾਰੇ

ਪ੍ਰਸ਼ਨ 12. ਵੋਟਿੰਗ ਵਾਲ਼ੇ ਦਿਨ ਵਿਅਕਤੀ ਦੇ ਸਰੀਰ ਦਾ ਤਾਪਮਾਨ ਮਾਪਦੰਡ ਤੋਂ ਵੱਧ ਹੋਣ ’ਤੇ ਕੀ ਕਰਨਾ ਚਾਹੀਦਾ ਹੈ?

ੳ. ਪਹਿਚਾਣ ਪੱਤਰ ਦੀ ਵਰਤੋਂ
ਅ. 6 ਫੁੱਟ ਦੀ ਦੂਰੀ
ੲ. ਦਸਤਾਨੇ ਦੀ ਵਰਤੋਂ
ਸ. ਆਖ਼ਰੀ ਦੋ ਘੰਟੇ ਵਿੱਚ ਕੋਵਿਡ ਦੀ ਪਾਲਣਾ ਅਨੁਸਾਰ ਵੋਟ ਕਰਨੀ

ਪ੍ਰਸ਼ਨ 13. ਵੋਟਿੰਗ ਵਾਲ਼ੇ ਦਿਨ ਪਬਲਿਕ ਛੁੱਟੀ ਕਿਉਂ ਐਲਾਨੀ ਜਾਂਦੀ ਹੈ?

ੳ. ਤਾਂ ਜੋ ਕੋਈ ਵੋਟ ਪਾਉਣ ਤੋਂ ਰਹਿ ਨਾ ਜਾਵੇ
ਅ. ਕੋਵਿਡ-19 ਹਦਾਇਤਾਂ ਦੀ ਪਾਲਣਾ ਕਰਨ ਲਈ
ੲ. ਸਰੀਰਿਕ ਤਾਪਮਾਨ ਠੀਕ ਰੱਖਣ ਲਈ
ਸ. ਉਪਰੋਕਤ ਵਿੱਚੋਂ ਕੋਈ ਨਹੀਂ

ਪ੍ਰਸ਼ਨ 14.ਪੋਲਿੰਗ ਸਟੇਸ਼ਨ ਲੱਭਣ ਲਈ ਵਿਅਕਤੀ ਨੂੰ ਕੀ ਕਰਨਾ ਚਾਹੀਦਾ ਹੈ?

ੳ. ਬੈਂਕ ਕਾਪੀ ਦੀ ਵਰਤੋਂ
ਅ. ਪਹਿਚਾਣ ਪੱਤਰ ਦੀ ਵਰਤੋਂ
ੲ. ਮਤਦਾਤਾ ਦੇ ਟੋਕਨ ਦੀ ਵਰਤੋਂ
ਸ. ਵੋਟਰ ਹੈਲਪ ਲਾਈਨ ਐਪ ਦੀ ਵਰਤੋਂ

ਪ੍ਰਸ਼ਨ 15. ਵੋਟਰ ਹੈਲਪ ਲਾਈਨ ਵੋਟਰ ਦੀ ਮਦਦ ਕਿਵੇਂ ਕਰਦੀ ਹੈ?

ੳ. ਪੋਲਿੰਗ ਸਟੇਸ਼ਨ ਲੱਭਣ ਲਈ
ਅ. ਵੋਟਰ ਸਲਿੱਪ ਲੈਣ ਲਈ
ੲ. 'ੳ' ਅਤੇ 'ਅ' ਦੋਵੇਂ
ਸ. ਉਪਰੋਕਤ ਵਿੱਚੋਂ ਕੋਈ ਨਹੀਂ